104
17/11/16

JS/11

17/11/16


# ਪੰਜਾਬ ਸਟੇਟ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਿਟਡ

(ਰਜਿ. ਦਫਤਰ: ਪੀ ਐਸ ਈ ਬੀ ਹੈਡ ਆਫਿਸ, ਦੀ ਮਾਲ, ਪਟਿਆਲਾ)

**Corporate Identity Number: U40109PB2010SGC033814**

ਦਫਤਰ: ਲੇਖਾ ਅਫਸਰ/ਏ. ਐਂਡ ਆਰ, ਸ਼ਕਤੀ ਸਦਨ, ਪਟਿਆਲਾ।

**www.pstcl.org e-mail: ao-comp@pstcl.org Tel./Fax No. 0175-2203637**


ਵੱਲ:

ਰਜਿਸਟਰਡ

ਮੈਸਰਜ਼ ਦਿਹੋਤ ਟੂਰ ਐਂਡ ਟਰੈਵਲਜ਼,
ਪਿੰਡ ਆਲਮਪੁਰ, ਪਟਿਆਲਾ।

ਮੀਮੋ ਨੰ: 2905/ਸੀ.ਐਫ.ਓ./ਏ. ਐਂਡ ਆਰ./151/ਵਾ:-2 ਮਿਤੀ: 15.11.2016

ਵਿਸ਼ਾ: **ਗੱਡੀ ਦੀ ਸੇਵਾ ਪ੍ਰਦਾਨ ਕਰਨ ਵਿੱਚ ਲਾਪਰਵਾਹੀ ਕਰਨ ਕਾਰਨ ਵਰਕ ਆਰਡਰ-ਕਮ-ਕੰਟਰੈਕਟ ਐਗਰੀਮੈਂਟ ਨੰ: 01/2016/ਏ.ਐਂਡ ਆਰ. ਮਿਤੀ 27.07.2016 ਰੱਦ ਕਰਨ ਸਬੰਧੀ।**

ਹਵਾਲਾ: ਇਸ ਦਫਤਰ ਦਾ ਮੀਮੋ ਨੰ: 2385/ਸੀ.ਐਫ.ਓ./ਏ. ਐਂਡ ਆਰ. ਮਿਤੀ 23.08.2016, 2527 ਮਿਤੀ 09.09.2016, 2529 ਮਿਤੀ 12.09.2016 ਅਤੇ 2774 ਮਿਤੀ 27.10.2016

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਆਪ ਵੱਲੋਂ ਇਸ ਦਫਤਰ ਨੂੰ ਜਿਹੜੀ ਗੱਡੀ ਪ੍ਰਦਾਨ ਕੀਤੀ ਗਈ ਹੈ ਉਸ ਸਬੰਧੀ ਸੇਵਾ ਪ੍ਰਦਾਨ ਕਰਨ ਵਿੱਚ ਆਪ ਜੀ ਵੱਲੋਂ ਲਗਾਤਾਰ ਲਾਪਰਵਾਹੀ ਕੀਤੀ ਗਈ ਹੈ। ਆਪ ਨੂੰ ਇਸ ਸਬੰਧੀ ਪਹਿਲਾਂ ਵੀ ਹਵਾਲੇ ਅਧੀਨ ਪੱਤਰਾਂ ਰਾਹੀਂ ਚੇਤਾਵਨੀ ਦਿੱਤੀ ਗਈ ਸੀ, ਪ੍ਰੰਤੂ ਆਪ ਵੱਲੋਂ ਇਸਦੀ ਕੋਈ ਪਰਵਾਹ ਨਹੀਂ ਕੀਤੀ ਗਈ। ਵਰਕ ਆਰਡਰ ਦੀਆਂ ਸ਼ਰਤਾਂ ਮੁਤਾਬਕ ਆਪ ਵੱਲੋਂ ਗੱਡੀ ਦੇ ਡੀਜਲ ਪੁਆਇਆ ਜਾਣਾ ਬਣਦਾ ਸੀ ਪ੍ਰੰਤੂ ਆਪ ਵੱਲੋਂ ਹਮੇਸ਼ਾ ਤੇਲ ਪੁਆਉਣ ਵਿੱਚ ਆਨਾਕਾਨੀ ਕੀਤੀ ਗਈ ਅਤੇ ਅਜੇ ਤੱਕ ਇੱਕ ਵਾਰ ਵੀ ਗੱਡੀ ਵਿੱਚ ਖੁਦ ਡੀਜ਼ਲ ਨਹੀਂ ਪੁਆਇਆ ਗਿਆ। ਜਿਸ ਕਾਰਨ ਕਰਕੇ ਗੱਡੀ ਦੀ ਪੂਰੀ ਵਰਤੋਂ ਨਹੀਂ ਕੀਤੀ ਜਾ ਸਕੀ ਅਤੇ ਦਫਤਰੀ ਕੰਮ ਕਾਜ ਵਿੱਚ ਬਹੁਤ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ।

ਇਸ ਤਰਾਂ ਆਪ ਦੁਆਰਾ ਲਗਾਤਾਰ ਆਪ ਨੂੰ ਜਾਰੀ ਵਰਕ ਆਰਡਰ ਦੀਆਂ ਸ਼ਰਤਾਂ ਦੀ ਉਲੰਘਣਾ ਕੀਤੀ ਜਾ ਰਹੀ ਹੈ ਜਿਸ ਕਰਕੇ ਇਸ ਦਫਤਰ ਨੂੰ ਬਹੁਤ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਆਪ ਜੀ ਨੂੰ ਕਈ ਪੱਤਰ ਵੀ ਲਿਖੇ ਗਏ ਅਤੇ ਮੀਮੋ ਨੰ: 2529 ਮਿਤੀ 12.09.2016 ਰਾਹੀਂ ਨੋਟਿਸ ਵੀ ਦਿੱਤਾ ਗਿਆ। ਪ੍ਰੰਤੂ ਵਾਰ-ਵਾਰ ਲਿਖਣ ਦੇ ਬਾਵਜੂਦ ਵੀ ਆਪ ਦੀ ਕਾਰਗੁਜਾਰੀ ਵਿੱਚ ਕੋਈ ਸੁਧਾਰ ਨਹੀਂ ਹੋਇਆ ।

ਇਸ ਲਈ ਤੁਹਾਡਾ ਕੰਮ ਤਸੱਲੀਬਖਸ਼ ਨਾ ਹੋਣ ਕਾਰਨ ਆਪ ਜੀ ਨੂੰ ਜਾਰੀ ਵਰਕ ਆਰਡਰ-ਕਮ-ਕੰਟਰੈਕਟ ਐਗਰੀਮੈਂਟ ਨੰ: 01/2016/ਏ.ਐਂਡ ਆਰ. ਮਿਤੀ 27.07.2016 ਦੀ ਧਾਰਾ 33 ਅਨੁਸਾਰ ਉਕਤ ਵਰਕ ਆਰਡਰ ਮਿਤੀ 01.12.2016 ਤੋਂ ਰੱਦ ਕੀਤਾ ਜਾਂਦਾ ਹੈ ਅਤੇ ਧਾਰਾ ਨੰ: 28(ii) ਅਨੁਸਾਰ ਆਪ ਦੀ ਸਿਕਿਓਰਿਟੀ ਰੁ: 7,000/- ਜਬਤ ਕੀਤੀ ਜਾਂਦੀ ਹੈ ਅਤੇ 3 ਸਾਲ ਲਈ ਆਪ ਨਾਲ ਕਾਰਪੋਰੇਸ਼ਨ ਦੇ ਕਾਰੋਬਾਰੀ ਲੈਣ-ਦੇਣ ਮੁਅੱਤਲ ਕੀਤੇ ਜਾਂਦੇ ਹਨ।

ਇਹ ਸਮਰੱਥ ਅਧਿਕਾਰੀ ਦੀ ਪ੍ਰਵਾਨਗੀ ਨਾਲ ਜਾਰੀ ਕੀਤਾ ਜਾਂਦਾ ਹੈ ਜੀ।

15.11.16

ਲੇਖਾ ਅਫਸਰ/ਏ.ਐਂਡ ਆਰ.,
ਪੰ:ਸ:ਟਰਾਂ:ਕਾ:ਲਿ:,ਪਟਿਆਲਾ।

ਪਿੱਠ ਅੰਕਣ ਨੰ: 2906-16/ਸੀ.ਐਫ.ਓ./ਏ. ਐਂਡ ਆਰ./151/ਵਾ:-2 ਮਿਤੀ: 15.11.2016

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਲਈ ਭੇਜਿਆ ਜਾਂਦਾ ਹੈ:

1. ਸਮੂਹ ਮੁੱਖ ਇੰਜੀਨੀਅਰ, ਪੀ.ਐਸ.ਟੀ.ਸੀ.ਐਲ., ਪਟਿਆਲਾ।
2. ਵਿੱਤ ਸਲਾਹਕਾਰ, ਪੀ.ਐਸ.ਟੀ.ਸੀ.ਐਲ., ਪਟਿਆਲਾ।
3. ਕੰਪਨੀ ਸੈਕਟਰੀ, ਪੀ.ਐਸ.ਟੀ.ਸੀ.ਐਲ., ਪਟਿਆਲਾ।
4. ਸਮੂਹ ਉੱਪ ਮੁੱਖ ਇੰਜੀਨੀਅਰ/ਨਿਗਰਾਨ ਇੰਜੀਨੀਅਰ, ਪੀ.ਐਸ.ਟੀ.ਸੀ.ਐਲ., ਪਟਿਆਲਾ।
5. ਸੀ. ਕਾ. ਇੰ:/ਆਈ.ਟੀ., ਪੀ.ਐਸ.ਟੀ.ਸੀ.ਐਲ., ਪਟਿਆਲਾ, ਕੰਪਨੀ ਦੀ ਵੈਬਸਾਈਟ ਤੇ ਅਪਲੋਡ ਕਰਨ ਸਬੰਧੀ।

15/11/16

ਲੇਖਾ ਅਫਸਰ/ਏ. ਐਂਡ ਆਰ.
ਪੰ:ਸ:ਟਰਾਂ:ਕਾ:ਲਿ:, ਪਟਿਆਲਾ।

ਸੀ:ਸੀ:

ਡਾਇਰੈਕਟਰ/ਵਿੱਤ ਅਤੇ ਵਣਜ, ਪੀ.ਐਸ.ਟੀ.ਸੀ.ਐਲ., ਪਟਿਆਲਾ ਨੂੰ ਜਾਣਕਾਰੀ ਹਿੱਤ ।

(1)